# ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ

**ਕਰਤਾਰ ਸਿੰਘ ਗੋਸ਼ਟੀ**

ਵਿਦਵਾਨਾ ਦੀਆਂ ਲਿਖਤਾਂ ਅਤੇ ਪਰਚਾਰਕਾਂ ਦੇ ਕਥਨਾਂ ਰਾਹੀਂ ਸਾਰਾ ਸਿੱਖ ਜਗਤ ਜਾਣਦਾ ਹੈ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਸਿਖਾਂ ਦੀ ਸਰਵਉਚ ਸੰਸਥਾ ਹੈ । ਸ਼੍ਰੀ ਅਕਾਲ ਤਖ਼ਤ ਦੀ ਸੰਸਥਾ ਗੁਰੂ ਕਾਲ ਵਿਚ ਹੀ ਹੋਂਦ ਵਿਚ ਆਈ । ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿਚ ਗੁਰੂ ਦੀ ਸਲਾਹ ਗੁਰੂ ਦੀ ਰਾਏ ਹੀ ਸਿਖਾਂ ਲਈ ਸਰਵਉਚ ਸੀ ਤੇ ਸਰਵਉਚ ਮੰਨੀ ਜਾਂਦੀ ਸੀ । ਦਸਮ ਪਾਤਸ਼ਾਹ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਸਮੁੱਚੇ ਸਿੱਖ ਪੰਥ ਨੂੰ ਗੁਰੂ ਥਾਪਣ ਉਪਰੰਤ ਜ਼ਰੂਰੀ ਹੋ ਗਿਆ ਸੀ ਕਿ ਪੰਥ ਦੇ ਧਾਰਮਿਕ, ਸਮਾਜਕ ਸਿਆਸੀ ਮਸਲਿਆਂ ਬਾਰੇ ਫੈਸ਼ਲਾ ਲੈਣ ਦਾ ਅਧਿਕਾਰ ਕਿਸੇ ਨਿਸ਼ਚਿਤ ਅਧੀਕਾਰੀ ਕੋਲ ਹੋਵੇ । ਗੁਰੂ ਗ੍ਰੰਥ-ਗੁਰੂ ਪੰਥ ਦਾ ਸਿਧਾਂਤ ਸਾਕਾਰ ਹੋ ਕੇ ਸਿੱਖ ਜਗਤ ਦੀ ਰਹਿਨੁਮਾਈ ਕਰੇ ।

ਸਿੱਖ ਇਤਿਹਾਸ ਵਿਚ ਸਿੱਖ ਮਿਸਲਾ ਦਾ ਸਮਾਂ ਹੀ ਅਜਿਹਾ ਸਮਾ ਹੈ ਜਦੋਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਪੂਰਨ ਰੂਪ ਵਿਚ ਨਿਖਰੀ । ਔਕੜ ਸਮੇਂ ੧੨ ਮਿਸਲਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜ ਬੈਠਦੇ । ਵਿਚਾਰਾਂ ਦੇ ਆਦਾਨ ਪ੍ਰਦਾਨ ਪਿਛੋਂ ਜੋ ਸ੍ਰੇਸ਼ਟ ਰਾਏ ਗੁਰੂ ਪ੍ਰਾਇਣ ਹੋ ਕੇ ਬਣਦੀ ਉਸ ਤੇ ਪੂਰਨ ਇਮਾਨਦਾਰੀ ਤੇ ਸਿਦਕਦਿਲੀ ਨਾਲ ਅਮਲ ਕੀਤਾ ਜਾਂਦਾ । ਸ਼੍ਰੀ ਅਕਾਲ ਤਖ਼ਤ ਤੇ ਕੀਤੇ ਫੈਸਲੇ ਨੂੰ ਗੁਰਮਤਾ ਦਾ ਨਾਉਂ ਦਿਤਾ ਗਿਆ ਤੇ ਇਸ ਨੂੰ ਗੁਰੂ ਦਾ ਹੁਕਮ ਜਾਣ ਕੇ ਸਮੁਚਾ ਸਿੱਖ ਜਗਤ ਮਨਦਾ ਰਿਹਾ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਤਾਕਤ ਗੁਰੂ ਪੰਥ ਕੋਲੋਂ ਹਟ ਕੇ ਇਕ ਰਾਜੇ ਦੀ ਸਰਕਾਰ ਕੋਲ ਆ ਗਈ । ਇਕਠੇ ਹੋਕੇ ਗੁਰਮਤੇ ਰਾਹੀਂ ਫੈਸਲੇ ਕਰਨ ਦੀ ਪ੍ਰਥਾ ਨੂੰ ਖੋਰਾ ਲਗਣਾ ਸ਼ੁਰੂ ਹੋਇਆ । ਵਰਤਮਾਨ ਵਿਚ ਭਾਵੇਂ ਸਿੱਖ ਮਿਸਲਦਾਰ ਨਹੀ ਰਹੇ । ਸਿੱਖਾਂ ਹਿਤਾਂ ਨੂੰ ਨੁਮਾਇੰਦਗੀ ਦੇਣ ਲਈ ਕਈ ਵੱਡੀਆਂ ਛੋਟੀਆਂ ਸੰਸਥਾਵਾ ਹੋਂਦ ਵਿਚ ਆ ਗਈਆਂ ਹਨ ਜਿੰਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿਲੀ ਗੁਰੁਦੁਆਰਾ ਪ੍ਰਬੰਧਕ ਕਮੇਟੀ,ਚੀਫ ਖਾਲਸਾ ਦੀਵਾਨ ਸ਼੍ਰੋਮਣੀ ਅਕਾਲੀ ਦਲ ਸਿਖਾਂ ਦੀ ਰਹਿਨੁਮਾਈ ਦੇ ਦਾਵੇਦਾਰ ਹਨ । ਇੰਨ੍ਹਾਂ ਤੋਂ ਇਲਾਵਾ ਵੀ ਕਈ ਵਿਦਿਅਕ, ਧਾਰਮਕ, ਸਿਆਸੀ ਪਰਚਾਰਕ ਸੰਸਥਾਵਾਂ, ਸਿੰਘ ਸਭਾਵਾਂ, ਟਕਸਾਲਾਂ, ਸੰਤਸਮਾਜ ਸਿੱਖ ਹਿੱਤਾਂ ਦੀ ਤਰਜਮਾਨੀ ਕਰਦੀਆਂ ਹਨ । ਅਜੋਕੇ ਸਮੇਂ ਵੀ ਔਕੜ ਸਮੇ ਇਹ ਸਾਰੀਆਂ ਸੰਸਥਾਵਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਜੁੜਦੀਆਂ ਰਹੀਆਂ ਹਨ ਪਰ ਮਿਸਲ ਕਾਲ ਵਾਲੀ ਮਾਨਤਾ, ਗੁਰਮਤੇ ਦੀ ਕਦਰ ਕੀਮਤ ਉਸ ਸਿਦਕ ਦਿਲੀ ਨਾਲ ਅਮਲ ਵਿਚ ਨਹੀਂ ਆਈ । ਅਜ ਤਾਂ ਸਿਖ ਸੰਸਥਾਵਾਂ, ਵਿਦਵਾਨਾ ਨੂੰ ਗਿਲਾ ਹੈ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨਹੀਂ ਰਹੀਂ । ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਅਕਾਲੀ ਦਲ ਗੁਰੂ ਗ੍ਰੰਥ ਗੁਰੂ ਪੰਥ ਦੇ ਸਿਧਾਂਤ ਤਹਿਤ ਨਾ ਹੋ ਕੇ ਬਲਕਿ ਸਿਖਾਂ ਦਾ ਇਕ ਧੜਾ ਬਣ ਕੇ ਸਮੁੱਚੀ ਸਿੱਖ ਤਾਕਤ ਨੂੰ ਖੇਰੂੰ ਖੇਰੂੰ ਕਰ ਰਿਹਾ ਹੈ । ਫਲਸਰੂਪ ਸਿਖ ਧੜੇ ਗਰੁੱਪ ਪਾਰਟੀਆਂ ਬਣਾ ਕੇ ਇਕ ਦੂਜੇ ਦਾ ਵਿਰੋਧ ਕਰ ਰਹੇ ਹਨ । ਕੋਰਟਾਂ ਕਚਹਿਰੀਆਂ ਵਿਚ ਮੁਕਦਮੇ, ਹਿੰਸਕ ਵਾਰਦਾਤਾਂ, ਧਾਰਮਿਕ ਮਤਭੇਦ, ਨੌਜਵਾਨ ਪੀੜ੍ਹੀ ਦਾ ਸਿੱਖੀ ਸਰੂਪ ਤਿਆਗਣਾ, ਨਸ਼ੇ ਆਦਿ ਦੀ ਰੁਚੀ ਵਧਣਾ ਸਾਬਤ ਕਰਦਾ ਹੈ ਕਿ ਅਜ ਸਿਖਾਂ ਵਿਚ ਗੁਰਮਤੇ ਦੀ ਰਾਏ ਦੇਣ ਵਾਲੀ ਸੰਸਥਾ ਦੀ ਅਣਹੋਂਦ ਹੈ । ਜਿਸ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਅਜ ਵੀ ਸਰਵਉਚ ਕਹਿੰਦੇ ਹਾਂ ਸਰਵਉਚ ਨਹੀਂ ਮੰਨਿਆਂ ਜਾ ਰਿਹਾਂ । ਅਜ ਦਾ ਸੇਮੀਨਾਰ ਉਪ੍ਰੋਕਤ ਹਾਲਾਤ ਦੇ ਮਦੇਨਜ਼ਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਜਾਗਰੂਕ ਕਰਨ ਲਈ ਇਕ ਯਤਨ ਹੈ । ਕਿਸੇ ਵੀ ਕੌਮ, ਸੰਗਠਨ, ਅਦਾਰੇ ਲਈ ਇਕ ਵੱਡੀ ਪ੍ਰਾਪਤੀ ਹੋਵੇ ਗੀ ਜੇਕਰ ਉਸ ਕੋਲ ਫੈਸਲੇ ਲੈਣ ਲਈ ਕੋਈ ਅਧਿਕਾਰਿਤ ਵਿਅਕਤੀ ਜਾਂ ਸੰਸਥਾ ਹੋਵੇ । ਸਿੱਖਾਂ ਕੋਲ ਅਜੇ ਵੀ ਇਕ ਗੌਰਵਮਈ ਜਜ਼ਬਾ ਹੈ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਵਉੱਚ ਸੰਸਥਾ ਹੈ ਅਤੇ ਇਸ ਜਜਬੇ ਨੂੰ ਕੌਮੀ ਪਕੜ ਵਿਚ ਰਖਣਾ ਕੌਮ ਦੀ ਵਡੀ ਲੋੜ ਹੈ । ਸਰਵਉਚ ਰਖਣ ਲਈ ਸ਼੍ਰੀ ਗੁਰੂ ਗ੍ਰੰਥ ਪਰਾਇਣ ਸਰਵ ਸ੍ਰਸ਼ੇਟ ਸਿਖਾਂ ਦੀ ਲੋੜ ਹੈ

ਜੋ ਗੁਰੂ ਵਰਗੇ ਫੈਸਲੇ ਲੈ ਸਕਣ ਦੀ ਯੋਗਤਾ ਰਖਦੇ ਹੋਣ । ਇਹ ਸੱਚ ਮੰਨ ਲੈਣਾ ਚਾਹੀਦਾ ਹੈ ਕਿ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਮਤੇ ਵਰਗੇ ਫੈਸਲੇ ਲੈਣ ਲਈ ਨਾਂ ਸਰਵਸ੍ਰੇਸ਼ਟ ਸਿਖ ਹਨ ਤੇ ਨਾ ਹੀ ਅਜੋਕੇ ਸ੍ਰੀ ਅਕਾਲ ਤਖ਼ਤ ਤੋਂ ਦਿਤੇ ਫਸੈਲੇ ਦੀ ਗੁਰਮਤੇ ਵਰਗੀ ਮਾਨਤਾ ਹੈ । ਵਿਦਵਾਨਾ, ਸੋਚਵਾਨਾ ਮਾਹਿਰਾਂ ਵਲੋਂ ਆਏ ਦਿਨ ਬੜੇ ਸੁਝਾਅ ਦਿਤੇ ਜਾ ਰਹੇ ਹਨ ਕਿ ਸਰਵਸ੍ਰੇਸ਼ਟ ਸਿਖ ਕਿਵੇਂ ਲਭੇ ਜਾਣ ਅਤੇ ਸੁਝਾਵਾਂ ਦੀ ਪੈਰਵੀ ਲਈ ਕਿਰਯਾ ਇਤਨੀ ਜਟਿਲ ਤੇ ਲੰਬੀ ਹੈ ਜਿਸ ਲਈ ਸਾਲਾਂ ਬੱਧੀ ਸਮਾਂ ਲਗ ਜਾਵੇ । ਪਰ ਸਮਾਂ ਮੰਗ ਕਰਦਾ ਹੈ ਕਿ ਕੋਈ ਅੰਤ੍ਰਿਮ ਬਾਨ੍ਹਣੂ ਬਨ੍ਹਣਾ ਚਾਹੀਦਾ ਹੈ ਨਹੀਂ ਤਾਂ ਬਿਗੜਦੀ ਹਾਲਤ ਸੰਭਾਲੀ ਨਹੀਂ ਜਾ ਸਕੇਗੀ । ਪੂਰਨ ਇਲਾਜ ਲਈ ਮਾਹਿਰ ਲੋਗ ਵਿਉਂਤਾ ਘੜਣ ਵਿਚ ਜੁਟੇ ਰਹਿਣ ਅਤੇ ਵਾਹਿਗੁਰੂ ਕਰੇ ਉਨ੍ਹਾਂ ਨੂੰ ਕੋਈ ਵੱਧੀਆ ਤਰੀਕਾ ਮਿਲ ਜਾਵੇ ਪਰ ਵਿਗੜਦੀ ਹਾਲਤ ਦੀ ਗਤੀ ਰੋਕਣ ਲਈ ਕੋਈ ਅੰਤ੍ਰਿਮ ਘਾੜ੍ਹਤ ਜ਼ਰੂਰ ਘੜ੍ਹ ਲਈ ਜਾਵੇ ।

## ਇਕ ਅੰਤ੍ਰਿਮ ਵਿਉਂਤ

ਪਹਿਲ ਰੂਪ ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀ ਸਰਪਰਸਤੀ ਹੇਠ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਦੇ ਤੇ ਪੰਥ ਦੀਆਂ ਸਿਰ ਕੱਢ ਜਥੇਬੰਦੀਆਂ ਜਿਵੇਂ ਕਿ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਦਿਲੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਅਕਾਲੀ ਦਲ, ਚੀਫ ਖਾਲਸਾ ਦਿਵਾਨ, ਸਟੱਡੀ ਸਰਕਲ, ਮਿਸ਼ਨਰੀ ਕਾਲਜ, ਇੰਟਰਨੇਸ਼ਨਲ ਸਿਖ ਕਨਫੈਡਰੇਸ਼ਨ ਇਨਸਟੀਚਿਊਟ ਆਫ ਸਿਖ ਸਟੱਡੀਜ ਅਤੇ ਇਸੇ ਪਧਰ ਦੀਆਂ ਦੇਸ਼ ਵਿਦੇਸ਼ ਦੀਆਂ ਸੰਸਥਾਵਾਂ, ਟਕਸਾਲਾਂ ਤੇ ਸੰਤ ਸਮਾਜ ਦੇ ਨੁਮਾਇੰਦੇ ਬੁਲਾਏ ਜਾਣ । ਸਮੁਚੇ ਸੰਸਾਰ ਵਿਚੋਂ ਬਹੁਪਖੀ ਯੋਗਤਾ ਵਾਲੇ ਗੁਰਮੁਖ ਸਰਵਸ੍ਰੇਸਟ ਪੰਜ ਗੁਰਸਿਖ ਲਭਣ ਦਾ ਜਤਨ ਕੀਤਾ ਜਾਵੇ ।

ਨੁਮਾਇੰਦਿਆਂ ਕੋਲੋ ਕੇਵਲ ੫ ਸਿੱਖ ਚੁਨਣ ਲਈ ਨਾਵਾਂ ਦੀ ਤਜਵੀਜ਼ ਮੰਗੀ ਜਾਵੇ

ਤਜਵੀਜ਼ ਕਰਨ ਵਾਲੇ ਨੁਮਾਇੰਦੇ ਇਕ ਚੋਣ ਸਕੂਲ ਬਣ ਜਾਵੇ ਤੇ ਸਰਵਸਮਤੀ ਨਾਲ ੫ ਸਿੱਖ ਚੁਣ ਲੈ ਜਾਣ । ਖਿਆਲ ਰਹੇ ਕਿ ਚੋਣ ਕੀਤੇ ਪੰਚ, ਸਾਲ ਵਿਚ ਜਿਆਦਾ ਸਮਾਂ ਅੰਮ੍ਰਿਤਸਰ ਨੂੰ ਹੈਡ ਕੁਆਰਟਰ ਬਣਾ ਕੇ ਰਹਿ ਸਕਣ ਇਹ ਪੰਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਲਾਹਕਾਰ ਕੌਂਸਲ ਬਣਾ ਦਿਤੀ ਜਾਵੇ । ਬਾਕੀ ਤਖ਼ਤਾਂ ਦੇ ਜਥੇਦਾਰ ਅਪਣੇ ਅਪਣੇ ਖੇਤਰ ਵਿਚ ਧਾਰਮਿਕ ਫਰਜ਼ ਨਿਭਾਉਣ । ਉਨ੍ਹਾਂ ਦੇ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਅਨੁਸਾਰੀ ਹੋਣ ।

ਪੰਥਕ ਮਸਲੇ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੇਸ਼ ਹੋਣ ਇਨ੍ਹਾਂ ਬਾਰੇ ਸਲਾਹਕਾਰ ਕੌਂਸਲ ਹੀ ਫੈਸਲਾ ਕਰੇ ਕਿ ਕਿਹੜੇ ਮਸਲੇ ਸ੍ਰੀ ਅਕਾਲ ਤਖ਼ਤ ਨਿਪਟਾਵੇ ਤੇ ਕਿਹੜੇ ਫੈਸਲੇ ਹੋਰ ਸੰਸਥਾਵਾਂ ਕਰਨ । ਸਲਾਹਕਾਰ ਕੌਂਸਲ ਜਿਸ ਮਸਲੇ ਨੂੰ ਜ਼ਰੂਰੀ ਸਮਝੇ ਅਪਣੇ ਆਪ ਨਿਰਣੇ ਅਧੀਨ ਲੈ ਸਕਦੀ ਹੈ । ਫੀ ਇਲਹਾਲ ਵਰਤਮਾਨ ਜਥੇਦਾਰ ਹੀ ਕਾਇਮ ਰਹੇ । ਉਨ੍ਹਾਂ ਦੀ ਮਿਆਦ ਪੂਰੀ ਹੋਣ ਤੇ ਸਲਾਹਕਾਰ ਕੌਂਸਲ ਵਿਚੋਂ ਹੀ ਇਕ ਨੂੰ ਜਥੇਦਾਰ ਥਾਪਿਆ ਜਾਵੇ ਜਾਂ ਪੰਚ ਕੌਂਸਲ ਵਿਚੋਂ ਕਿਸੇ ਹੋਰ ਯੋਗ ਵਿਅਕਤੀ ਨੂੰ ਜਥੇ ਦਾਰ ਅਕਾਲ ਤਖ਼ਤ ਥਾਪ ਦੇਣ ।

ਪੰਚ ਕੌਂਸਲ ਆਪਣੀ ਸਲਾਹ ਲਈ ਮਾਹਿਰਾਂ ਦੀ ਰਾਏ ਲੈ ਸਕਦੀ ਹੈ ਪਰ ਨਿਰਣਾ ਕਰਨਾ ਪੰਚਾਂ ਦੀ ਹੀ ਜ਼ਿੰਮੇਵਾਰੀ ਹੋਵੇ । ਕੋਈ ਵੀ ਜਥੇਬੰਦੀ ਵਿਅਕਤੀ, ਪੇਸ਼ ਮਸਲੇ ਬਾਰੇ ਪੰਚਾਂ ਨੂੰ ਰਾਏ ਦੇ ਸਕਦੇ ਹਨ । ਪੰਚ ਕੌਸਲ ਦਾ ਫੈਸਲਾ ਸ੍ਰੀ ਅਕਾਲ ਤਖ਼ਤ ਦੀ ਮੁਹਰ ਹੇਠਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਜਾਰੀ ਕਰੇ । ਇਸ ਨੂੰ ਗੁਰਮਤਾ ਸਮੁੱਚੇ ਸਿੱਖ ਜਗਤ ਵਲੋਂ ਮੰਨਿਆ ਜਾਵੇ ।

ਪੰਚ ਕੌਂਸਲ ਦੀ ਰਿਹਾਇਸ਼, ਦਫਤਰ, ਸੇਵਾ ਭੇਟਾ ਸਟਾਫ ਸਾਰੇ ਖਰਚੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਤੇ ਦਿਲੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਰਲ ਕੇ ਕਰਨ । ਜੇਕਰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਉਪਰਲੀ ਸਕੀਮ ਲਾਗੂ ਨਾ ਕਰੇ ਤਾਂ ਕੋਈ ਹੋਰ ਜਥੇਬੰਦੀ ਪੰਥਕ ਅਦਾਰਾ ਉਪਰਲੀ ਵਿਉਂਤ ਨਾਲ ਪੰਚ ਕੌਂਸਲ ਬਣਾਵੇ । ਇਸ ਦਾ ਨਾਉਂ ਪੰਥਕ ਸਲਾਹਕਾਰ ਕੌਂਸਲ ਰਖਿਆ ਜਾਵੇ । ਪੰਥਕ ਮਸਲੇ ਇਨ੍ਹਾਂ ਪੰਚਾਂ ਨੂੰ ਭੇਜੇ ਜਾਣ । ਪੰਚਾਂ ਦੇ ਫੈਸਲੇ ਸਲਾਹ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇ ਜੇ ਜਾਣ । ਸ੍ਰੀ ਅਕਾਲ ਤਖ਼ਤ ਵੱਲੋਂ ਨਾਹ ਕਰਣ ਤੇ ਪੰਚ ਕੌਂਸਲ ਦੇ ਫੈਸਲਿਆਂ ਨੂੰ ਸਿੱਖ ਲੋਕ ਰਾਏ ਬਣਾਉਣ ਲਈ ਪਰਚਾਰਿਆ ਜਾਵੇ । ਫੈਸਲੇ ਆਪਣੀ ਨੇਈਅਤ ਕਰਕੇ ਹੀ ਸਿੱਖ ਕੌਮ ਨੂੰ ਪਿਆਰੇ ਲਗਣਗੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਆਪਣਾਉਣ ਲਈ ਮਜ਼ਬੂਰ ਹੋ ਜਾਣਗੇ ।

ਪੰਚ ਕੌਂਸਲ ਦੀ ਰਿਹਾਇਸ ਦਫਤਰ, ਖਰਚਿਆਂ ਦਾ ਪ੍ਰਬੰਧ ਸਰਪਰਸਤੀ ਕਰ ਰਹੀਂ ਜਥੇਬੰਦੀ ਦੂਸਰਿਆਂ ਦੇ ਸਹਿਯੋਗ ਨਾਲ ਪੂਰੇ ਕਰੇ , ਹੈਡ ਕੁਆਰਟਰ ਲਈ ਅੰਮ੍ਰਿਤਸਰ, ਚੰਡੀਗੜ੍ਹ ਜਾ ਦਿਲੀ ਹੋ ਸਕਦੇ ਹਨ । ਪੰਚਾਂ ਵਿਚੋਂ ਕਿਸੇ ਦੇ ਕੰਮ ਕਰਨ ਜੋਗ ਨਾ ਰਹਿਣ ਤੇ ਬਾਕੀ ੪ ਪੰਚ ਨਵਾਂ ਪੰਚ ਨਿਯੁਕਤ ਕਰ ਲੈਣ ਜੇ ਤਜਰਬਾ ਕਾਮਯਾਬ ਰਹੇ ਤਾਂ ਆਉਣ ਵਾਲੇ ਸਮੇਂ ਲਈ ਪੰਚ